| ਮਰੀਜ਼ਾਂ ਲਈ ਹਿਦਾਇਤਾਂ |
|---|
| ਡਾਇਪਰਾਂ ਵਿੱਚ ਬੱਚਿਆਂ ਦੀ ਸਟੂਲ ਇਕੱਤਰ ਕਰਨਾ |

ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ ਨੇ ਸਟੂਲ ਦੇ ਨਮੂਨੇ ਦੀ ਤਜਵੀਜ਼ ਕੀਤੀ ਹੈ।

ਪ੍ਰਯੋਗਸ਼ਾਲਾ ਦੀ ਜਾਂਚ ਦੇ ਅਰਥਪੂਰਣ ਨਤੀਜੇ ਪ੍ਰਦਾਨ ਕਰਨ ਲਈ, ਇਹਨਾਂ ਹਿਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਕਰੋ।

## ਇਕੱਤਰ ਕਰਨਾ

ਸਟੂਲ ਕਲੈਕਸ਼ਨ ਕੰਟੇਨਰ ਅਤੇ ਬੱਚੇ ਦੇ ਪਿਸ਼ਾਬ ਦੀ ਕਲੈਕਸ਼ਨ ਕਿੱਟ ਪ੍ਰਦਾਨ ਕੀਤੀ ਜਾਵੇਗੀ।

ਡਾਇਪਰ ਤੋਂ ਸਿੱਧੇ ਹੀ ਨਮੂਨਾ ਇਕੱਤਰ ਨਾ ਕਰੋ ਕਿਉਂਕਿ ਪਿਸ਼ਾਬ, ਡਿਟਰਜੈਂਟ ਅਤੇ ਪਰਫਿਊਮ ਜਾਂਚ ਦੇ ਨਤੀਜਿਆਂ ਵਿੱਚ ਦਖਲ ਅੰਦਾਜ਼ੀ ਕਰਨਗੇ। ਕਿਰਪਾ ਕਰਕੇ ਪ੍ਰਦਾਨ ਕੀਤੇ ਸਾਰੇ ਕੰਟੇਨਰਾਂ ਨੂੰ ਭਰੋ।

1. ਡਾਇਪਰ ਨੂੰ ਪਲਾਸਟਿਕ ਰੈਪ (ਉਦਾਹਰਨ ਲਈ Saran Wrap ™) ਨਾਲ ਲਾਈਨ ਕਰੋ।
2. ਬੈਗ ਦੇ ਨਾਲ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਦਿਆਂ ਬੱਚੇ 'ਤੇ ਪਿਸ਼ਾਬ ਇਕੱਤਰ ਕਰਨ ਵਾਲਾ ਬੈਗ ਰੱਖੋ।
3. ਪਲਾਸਟਿਕ ਦਾ ਲਾਈਨਾਂ ਵਾਲਾ ਡਾਈਪਰ ਬੱਚੇ 'ਤੇ ਰੱਖੋ।
4. ਅੰਤੜੀਆਂ ਦੀ ਹਰਕਤ ਦੇ 30 ਮਿੰਟਾਂ ਦੇ ਅੰਦਰ, ਪਲਾਸਟਿਕ ਰੈਪ ਤੋਂ ਸਟੂਲ ਨੂੰ ਹਟਾ ਦਿਓ।
5. ਤੁਹਾਨੂੰ ਕਿਹੜੇ ਕੰਟੇਨਰ ਅਤੇ ਇਕੱਤਰ ਕਰਨ ਦੀਆਂ ਹਿਦਾਇਤਾਂ ਪ੍ਰਦਾਨ ਕੀਤੀਆਂ ਗਈਆਂ ਹਨ, ਇਸ 'ਤੇ ਨਿਰਭਰ ਕਰਦੇ ਹੋਏ Copan Fecal Swab ਇਕੱਤਰ ਕਰਨ ਦੀਆਂ ਹਿਦਾਇਤਾਂ ਦੇ ਕਦਮ 2-7 ਅਤੇ/ਜਾਂ ਸਟੂਲ ਇਕੱਤਰ ਕਰਨ ਦੀਆਂ ਹਿਦਾਇਤਾਂ ਦੇ ਕਦਮ 4-7 ਦੀ ਪਾਲਣਾ ਕਰੋ।
6. ਪਿਸ਼ਾਬ ਕਲੈਕਸ਼ਨ ਬੈਗ ਨੂੰ ਹਟਾਓ ਅਤੇ ਸੁੱਟ ਦਿਓ।

## ਲੇਬਲ ਲਗਾਉਣਾ

1. ਹਰੇਕ ਕੰਟੇਨਰ 'ਤੇ ਬੱਚੇ ਦਾ ਨਾਮ, ਜਨਮ ਮਿਤੀ, ਅਤੇ ਕਲੈਕਸ਼ਨ ਦੀ ਮਿਤੀ ਦਾ ਲੇਬਲ ਲਗਾਓ।

## ਪੈਕ ਕਰਨਾ

1. ਡੱਬੀ ਨੂੰ ਦਿੱਤੇ ਗਏ ਥੈਲੇ ਵਿੱਚ ਰੱਖੋ ਅਤੇ ਥੈਲੇ ਨੂੰ ਸੁਰੱਖਿਅਤ ਢੰਗ ਨਾਲ ਬੰਦ ਕਰੋ।
2. ਕਿਸੇ ਵੀ ਤਰ੍ਹਾਂ ਦੇ ਕਾਗਜ਼ ਨੂੰ ਮੋੜ ਕੇ ਨਮੂਨੇ ਨੂੰ ਭੇਜਣ ਵਾਲੇ ਥੈਲੇ ਦੀ ਬਾਹਰੀ ਜੇਬ ਵਿੱਚ ਰੱਖੋ। ਇਹ ਯਕੀਨੀ ਬਣਾਉਂਦਾ ਹੈ ਕਿ ਨਮੂਨੇ ਦਾ ਰਿਸਾਅ ਕਾਗਜ਼ ਨੂੰ ਖ਼ਰਾਬ ਨਹੀਂ ਕਰੇਗਾ।

## ਰੱਖਣਾ ਅਤੇ ਲੈ ਜਾਣਾ

ਨਮੂਨੇ ਨੂੰ ਫਰਿੱਜ ਵਿੱਚ ਰੱਖੋ ਅਤੇ ਕਲੈਕਸ਼ਨ ਕਰਨ ਦੇ ਦਿਨ ਹੀ ਲੈਬ ਵਿੱਚ ਵਾਪਸ ਕਰ ਦਿਓ। ਜੇ ਨਮੂਨਾ ਰਾਤ ਨੂੰ ਇਕੱਤਰ ਕੀਤਾ ਗਿਆ ਹੈ, ਤਾਂ ਸਵੇਰੇ ਜਿੰਨੀ ਜਲਦੀ ਹੋ ਸਕੇ ਲੈਬ ਵਿੱਚ ਵਾਪਸ ਕਰ ਦਿਓ। ਦੇਰੀ ਟੈਸਟ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ।